National Research Journal of Social Sciences
Volume-11, Issue-1, January-June 2026
PP: 187-191

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦੁਰ ਜੀ ਦੀ ਬਾਣੀ: ਅਕਾਦਮਿਕ ਅਧਿਐਨ ਅਤੇ ਗੁਰਬਾਣੀ ਸੰਦਰਭਾਂ ਸਮੇਤ ਵਿਸਤ੍ਰਿਤ ਵਿਸ਼ਲੇਸ਼ਣ

**ਰੁਪਿੰਦਰ ਕੌਰ**

ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਿਲ ਲਾਈਨਜ਼ , ਲੁਧਿਆਣਾ

**ਸਾਰ**

ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਵਿੱਚ ਧਰਮ ਦੀ ਰੱਖਿਆ, ਮਨੁੱਖੀ ਹੱਕਾਂ ਦੀ ਰਾਖੀ, ਅਤੇ ਭਗਤੀ-ਮਾਰਗ ਉੱਤੇ ਜ਼ੋਰ ਦਿੱਤਾ ਗਿਆ ਹੈ, ਜਿਵੇਂ ਕਿ "ਸੂਰਮਾ ਉਹ ਹੈ ਜੋ ਧਰਮ ਲਈ ਆਪਣੀ ਜਾਨ ਦੇਵੇ ਪਰ ਧੋਖਾ ਨਾ ਦੇਵੇ" ਅਤੇ "ਮਨ, ਬਚਨ, ਕਰਮ" ਰਾਹੀਂ ਪ੍ਰਭੂ ਨੂੰ ਯਾਦ ਕਰਨਾ, ਅਤੇ ਸੰਸਾਰ ਦੀ ਨਾਸਮਝੀ ਨੂੰ ਤਿਆਗ ਕੇ ਸੱਚੇ ਗਿਆਨ ਵੱਲ ਵਧਣਾ ਆਦਿ ਸ਼ਾਮਲ ਹਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੰਗ੍ਰਹਿਤ ਕੀਤਾ ਗਿਆ ਹੈ ਅਤੇ ਜੋ ਸਾਨੂੰ ਧਾਰਮਿਕ ਆਜ਼ਾਦੀ ਅਤੇ ਨਿਆਂ ਲਈ ਖੜ੍ਹੇ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਜੀ ਦੀਆਂ ਮੁੱਖ ਸਿੱਖਿਆਵਾਂ ਵਿੱਚੋ ਇਕ ਹੈ ਧਰਮ ਅਤੇ ਨਿਆਂ ਲਈ ਸ਼ਹਾਦਤ : ਗੁਰੂ ਜੀ ਨੇ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਕਸ਼ਮੀਰੀ ਪੰਡਤਾਂ ਦੀ ਮਦਦ ਕੀਤੀ ਅਤੇ ਆਪਣੇ ਸਿਰ ਦੀ ਕੁਰਬਾਨੀ ਦੇ ਕੇ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਦਾ ਮਹਾਨ ਸੰਦੇਸ਼ ਦਿੱਤਾ। ਸੱਚੀ ਭਗਤੀ ਦੂਸਰੀ ਸਭ ਤੋਂ ਵੱਡੀ ਸਿੱਖਿਆ ਹੈ । "ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥" ਜੋ ਮਨੁੱਖ ਆਪਣੇ ਮਨ, ਬਚਨ ਅਤੇ ਕਰਮਾਂ ਰਾਹੀਂ ਪ੍ਰਭੂ ਦੀ ਭਗਤੀ ਕਰਦੇ ਹਨ, ਉਹ ਸਭ ਮਨਚਾਹੇ ਫਲ ਪ੍ਰਾਪਤ ਕਰਦੇ ਹਨ। ਗੁਰੂ ਜੀ ਨੇ ਸੰਸਾਰ ਦੀ ਨਾਸ਼ਮਾਨਤਾ ਬਾਰੇ ਵੀ ਲੋਕਾਈ ਨੂੰ ਸੁਚੇਤ ਕੀਤਾ "ਜਗੁ ਰਚਨਾ ਸਬ ਝੂਠ ਹੈ ਜਾਨੁ ਲੇਹੁ ਰੇ ਮੀਤ ॥" ਹੇ ਮਿੱਤਰੋ, ਇਹ ਸਮਝ ਲਵੋ ਕਿ ਇਹ ਸਾਰੀ ਦੁਨਿਆਵੀ ਰਚਨਾ ਝੂਠੀ ਹੈ। ਤੀਜੀ ਸਿੱਖਿਆ ਹੈ ਸੂਰਮਤਾ "ਸੂਰਾ ਸੋ ਪਹਿਚਾਨਿਏ ॥ ਜੋ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ॥ ਕਬਹੂ ਨ ਛਾਡੈ ਖੇਤੁ ॥" ਉਸ ਨੂੰ ਸੂਰਮਾ ਜਾਣੋ ਜੋ ਧਰਮ ਲਈ ਲੜਦਾ ਹੈ, ਟੁਕੜੇ-ਟੁਕੜੇ ਹੋ ਕੇ ਮਰ ਜਾਵੇ ਪਰ ਮੈਦਾਨ ਨਾ ਛੱਡੇ। ਗੁਰੂ ਜੀ ਨੇ ਨਾਮ ਜਪਣ ਅਤੇ ਪ੍ਰਭੂ ਦੇ ਗੁਣਾਂ ਦਾ ਸਿਮਰਨ ਕਰਨ 'ਤੇ ਜ਼ੋਰ ਦਿੱਤਾ, ਜੋ ਕਿ ਜੀਵਨ ਦਾ ਅਸਲ ਸਹਾਰਾ ਹੈ। ਸੇਵਾ ਅਤੇ ਲੰਗਰ: ਗੁਰੂ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਕਈ ਪਾਣੀ ਵਾਲੇ ਖੂਹ ਅਤੇ ਲੰਗਰ (ਸਮਾਜਿਕ ਰਸੋਈਆਂ) ਸ਼ੁਰੂ ਕੀਤੇ, ਜੋ ਸੇਵਾ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹਨ। ਗੁਰੂ ਜੀ ਦੀਆਂ ਸਿੱਖਿਆਵਾਂ ਸਾਨੂੰ ਨਿਰਭੈਤਾ, ਸੱਚਾਈ ਅਤੇ ਮਾਨਵਤਾ ਦੀ ਸੇਵਾ ਲਈ ਪ੍ਰੇਰਿਤ ਕਰਦੀਆਂ ਹਨ।

## ਭੂਮਿਕਾ

ਗੁਰੂ ਤੇਗ ਬਹਾਦਰ ਜੀ (1621–1675) ਸਿੱਖ ਧਰਮ ਦੇ ਨੌਵੇਂ ਗੁਰੂ ਸਾਹਿਬ ਹਨ। ਉਨ੍ਹਾਂ ਦਾ ਜਨਮ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਪਿਤਾ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਅਤੇ ਇਹ ਸਿੱਖ ਦਰਸ਼ਨ ਦਾ ਇਕ ਅਤਿ ਮਹੱਤਵਪੂਰਨ ਅੰਗ ਹੈ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਮਨੁੱਖੀ ਜੀਵਨ ਦੀ ਨਾਸ਼ਵਾਨਤਾ, ਮਾਇਆ ਦੇ ਬੰਧਨ, ਵੈਰਾਗ, ਨਿਰਭੈਤਾ ਅਤੇ ਆਤਮਕ ਆਜ਼ਾਦੀ ਦੇ ਗੰਭੀਰ ਦਰਸ਼ਨ ਨੂੰ ਪ੍ਰਗਟ ਕਰਦੀ ਹੈ। ਯੂਨੀਵਰਸਿਟੀ ਅਤੇ ਕਾਲਜ ਪੱਧਰ ‘ਤੇ ਇਸ ਬਾਣੀ ਦਾ ਅਧਿਐਨ ਸਿਰਫ਼ ਧਾਰਮਿਕ ਨਹੀਂ, ਸਗੋਂ ਦਰਸ਼ਨਿਕ, ਸਮਾਜਿਕ ਅਤੇ ਨੈਤਿਕ ਦ੍ਰਿਸ਼ਟੀ ਤੋਂ ਵੀ ਬਹੁਤ ਮਹੱਤਵਪੂਰਨ ਹੈ।

### ਇਤਿਹਾਸਕ ਅਤੇ ਸਮਾਜਿਕ ਪਿਛੋਕੜ

ਗੁਰੂ ਤੇਗ ਬਹਾਦਰ ਜੀ ਦਾ ਯੁੱਗ ਮੁਗਲ ਸਾਮਰਾਜ ਦੇ ਸ਼ਾਸਨ ਹੇਠ ਸੀ, ਜਦੋਂ ਧਾਰਮਿਕ ਅਸਹਿਣਸ਼ੀਲਤਾ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਵਧ ਰਿਹਾ ਸੀ। ਕਸ਼ਮੀਰ ਦੇ ਪੰਡਿਤਾਂ ‘ਤੇ ਹੋ ਰਹੇ ਅਤਿਆਚਾਰਾਂ ਦੇ ਵਿਰੋਧ ਵਜੋਂ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸਮਰਪਿਤ ਕੀਤਾ। ਇਹ ਇਤਿਹਾਸਕ ਸੰਦਰਭ ਉਨ੍ਹਾਂ ਦੀ ਬਾਣੀ ਨੂੰ ਹੋਰ ਵੀ ਗਹਿਰਾ ਅਰਥ ਪ੍ਰਦਾਨ ਕਰਦਾ ਹੈ, ਕਿਉਂਕਿ ਬਾਣੀ ਵਿਚ ਪ੍ਰਗਟ ਨਿਰਭੈਤਾ ਅਤੇ ਤਿਆਗ ਉਨ੍ਹਾਂ ਦੇ ਜੀਵਨ ਨਾਲ ਸਿੱਧੇ ਤੌਰ ‘ਤੇ ਜੁੜੇ ਹੋਏ ਹਨ।

### ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਕੁੱਲ 115 ਸ਼ਬਦ ਅਤੇ 57 ਸਲੋਕ ਦਰਜ ਹਨ। ਇਹ ਬਾਣੀ ਰਾਗਾਂ ਦੇ ਅਧੀਨ ਨਹੀਂ, ਸਗੋਂ ਸਿੱਧੀ, ਦਰਸ਼ਨਿਕ ਅਤੇ ਸੰਦੇਸ਼ਮੂਲਕ ਸ਼ੈਲੀ ਵਿੱਚ ਰਚੀ ਗਈ ਹੈ। ਗੁਰੂ ਸਾਹਿਬ ਦੀ ਬਾਣੀ ਦਾ ਸਵਰ ਉਪਦੇਸ਼ਾਤਮਕ ਹੈ ਅਤੇ ਇਹ ਮਨੁੱਖ ਨੂੰ ਅੰਦਰੂਨੀ ਆਤਮ-ਜਾਗਰੂਕਤਾ ਵੱਲ ਲੈ ਜਾਂਦੀ ਹੈ।

### ਸੰਸਾਰ ਦੀ ਨਾਸ਼ਵਾਨਤਾ ਦਾ ਦਰਸ਼ਨ

ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਸੰਸਾਰ ਨੂੰ ਅਸਥਾਈ ਅਤੇ ਨਾਸ਼ਵਾਨ ਦਰਸਾਇਆ ਗਿਆ ਹੈ। ਗੁਰੂ ਸਾਹਿਬ ਕਹਿੰਦੇ ਹਨ:

"ਜਗੁ ਰਚਨਾ ਸਭੁ ਝੂਠੁ ਹੈ ਜਾਨਿ ਲੇਹੁ ਰੇ ਮੀਤ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ.1429)


© Copyright @ Authors

ਇਸ ਪੰਗਤੀ ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਸੰਸਾਰਕ ਮੋਹ ਅਤੇ ਪਦਾਰਥਕ ਆਕਰਸ਼ਣ ਸਦੀਵੀ ਨਹੀਂ ਹਨ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਇਸ ਸੰਸਾਰ ਅਤੇ ਸਰੀਰ ਨੂੰ ਨਾਸ਼ਵਾਨ ਦੱਸਿਆ ਹੈ। ਉਹ ਸਮਝਾਉਂਦੇ ਹਨ ਕਿ ਇਹ ਮਨੁੱਖੀ ਸਰੀਰ ਪੰਜ ਤੱਤਾਂ (ਹਵਾ, ਪਾਣੀ, ਅੱਗ, ਮਿੱਟੀ, ਆਕਾਸ਼) ਤੋਂ ਬਣਿਆ ਹੈ ਅਤੇ ਅੰਤ ਵਿੱਚ ਮਿੱਟੀ ਵਿੱਚ ਮਿਲ ਜਾਵੇਗਾ। ਇਸ ਲਈ, ਮਨੁੱਖ ਨੂੰ ਮਾਇਆ ਦੇ ਮੋਹ ਵਿੱਚ ਨਹੀਂ ਫਸਣਾ ਚਾਹੀਦਾ।

"ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥"

ਜੋ ਪੈਦਾ ਹੁੰਦਾ ਹੈ, ਉਹ ਸਭ ਨਾਸ਼ ਹੋ ਜਾਂਦਾ ਹੈ, ਕੋਈ ਵੀ ਸਦਾ ਨਹੀਂ ਰਹਿੰਦਾ

"ਜਗਤ ਮੈ ਝੂਠੀ ਦੇਖੀ ਪ੍ਰੀਤ ॥

ਅਪਨੇ ਹੀ ਸੁਖ ਸੇ ਸਭ ਲਾਗੇ ਕਿਆ ਦਾਰਾ ਕਿਆ ਮੀਤ ॥

ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥

ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ. 536)

ਦੁਰਮਤਿ ਵੱਸ ਹੋ ਕੇ ਮਨੁੱਖ ਜਗਤ ਦੀ ਝੂਠੀ ਪ੍ਰੀਤ ਨੂੰ ਹੀ ਸੱਚ ਮੰਨੀ ਬੈਠਾ ਹੈ। ਪਰ ਇਹ ਇਸ ਗੱਲ ਤੋਂ ਬੇਖ਼ਬਰ ਹੈ ਕਿ ਸਭ ਆਪਨੇ ਹਿਤ ਅਤੇ ਸੁਖ ਲਈ ਉਸ ਨੂੰ ਪ੍ਰੀਤ ਕਰਦੇ ਹਨ। ਅੰਤਕਾਲ ਇਨ੍ਹਾਂ ਵਿੱਚੋਂ ਕੋਈ ਵੀ ਸਹਾਈ ਨਹੀਂ ਹੈ। ਕੇਵਲ ਪ੍ਰਮਾਤਮਾ ਦਾ ਨਾਮ ਹੀ ਪਾਰ ਉਤਾਰੇ ਦਾ ਸਾਧਨ ਹੈ।

ਮਾਇਆ ਅਤੇ ਮੋਹ ਦੀ ਆਲੋਚਨਾ

ਗੁਰੂ ਤੇਗ ਬਹਾਦੁਰ ਜੀ ਮਾਇਆ ਨੂੰ ਮਨੁੱਖੀ ਦੁੱਖਾਂ ਦਾ ਮੁੱਖ ਕਾਰਨ ਮੰਨਦੇ ਹਨ। ਗੁਰੂ ਜੀ ਦੀ ਬਾਣੀ ਮਨੁੱਖੀ ਮਨ ਦੀ ਚੰਚਲਤਾ ਅਤੇ ਮਾਇਆ ਦੇ ਪ੍ਰਭਾਵ ਹੇਠ ਆਉਣ ਬਾਰੇ ਵਿਸਥਾਰ ਨਾਲ ਦੱਸਦੀ ਹੈ। ਉਹ ਮਨ ਨੂੰ ਕਾਮ, ਕ੍ਰੋਧ, ਲੋਭ ਅਤੇ ਮੋਹ ਵਰਗੇ ਦੁਰਗੁਣਾਂ ਤੋਂ ਮੁਕਤ ਕਰਕੇ ਪ੍ਰਮਾਤਮਾ ਨਾਲ ਜੋੜਨ ਦੀ ਸਿੱਖਿਆ ਦਿੰਦੇ ਹਨ। ਉਹ ਫ਼ਰਮਾਉਂਦੇ ਹਨ:

"ਮਾਇਆ ਮੋਹਿ ਸਭੋ ਜਗੁ ਬਾਧਾ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ.1186)

ਇਸ ਪੰਗਤੀ ਵਿੱਚ ਮਾਇਆ ਨੂੰ ਉਹ ਸ਼ਕਤੀ ਦੱਸਿਆ ਗਿਆ ਹੈ ਜੋ ਮਨੁੱਖ ਨੂੰ ਸੱਚ ਤੋਂ ਦੂਰ ਕਰ ਦਿੰਦੀ ਹੈ। ਅਕਾਦਮਿਕ ਪੱਧਰ 'ਤੇ ਇਹ ਵਿਚਾਰ ਭਾਰਤੀ ਦਰਸ਼ਨ ਵਿੱਚ ਮਾਇਆ ਸੰਕਲਪ ਨਾਲ ਤੁਲਨਾਤਮਕ ਅਧਿਐਨ ਲਈ ਉਪਯੋਗੀ ਹੈ।

"ਸਾਧੋ ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥"

ਹੇ ਸਾਧੂ! ਮਨ ਦਾ ਹੰਕਾਰ ਛੱਡ ਦੇਵੋ। ਕਾਮ, ਕ੍ਰੋਧ ਅਤੇ ਬੁਰੇ ਲੋਕਾਂ ਦੀ ਸੰਗਤ ਤੋਂ ਦਿਨ-ਰਾਤ ਬਚੋ

"ਸਾਧੋ ਰਚਨਾ ਰਾਮ ਬਨਾਈ ॥

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥

ਝੂਠਾ ਤਨਿ ਸਾਚਾ ਕਰ ਮਾਨਿਓ ਜੀਉ ਸੁਪਨਾ ਰੈਨਾਈ ॥"

(ਗੁਰੂ ਗ੍ਰੰਥ ਸਾਹਿਬ, ਪੰਨਾ ਨੰ. 219)

ਹੇ ਮਨੁੱਖ ਇਹ ਸੰਸਾਰ ਰਚਨਾ ਸਭ ਪ੍ਰਮਾਤਮਾ ਦੀ ਰਚੀ ਹੋਈ ਹੈ। ਇਹ ਸੰਸਾਰ ਨਾਸ਼ਵਾਨ ਹੈ ਪਰ ਮਨੁੱਖ ਨੂੰ ਇਹ ਸੰਸਾਰ ਹੀ ਸਥਿਰ ਲੱਗਣ ਲੱਗ ਪਿਆ ਹੈ। ਮਨੁੱਖ ਵਿਕਾਰਾਂ ਦੇ ਵੱਸ ਪੈ ਕੇ ਪ੍ਰਮਾਤਮਾ ਨੂੰ ਆਪਣੇ ਮਨ ਵਿੱਚੋ ਵਿਸਾਰ ਦਿੰਦਾ ਹੈ। ਇਸ ਸਰੀਰ ਨੂੰ ਹੀ ਸੱਚ ਮਨ ਕੇ ਇਕ ਭਰਮ ਭੁਲੇਖੇ ਵਿਚ ਪਿਆ ਰਹਿੰਦਾ ਹੈ ਅਤੇ ਰਚਨਹਾਰ ਨੂੰ ਵਿਸਾਰ ਦਿੰਦਾ ਹੈ।

"ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ. 219)


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਸਾਹਿਬ ਫਰਮਾਉਂਦੇ ਹਨ ਮਨੁੱਖ ਕਾਮ, ਕ੍ਰੋਧ ਆਦਿ ਵਿਕਾਰਾਂ ਦੇ ਵੱਸ ਪੈ ਕੇ ਉਸ ਜੋਤ ਸਰੂਪ ਪ੍ਰਮਾਤਮਾ ਨੂੰ ਭੁੱਲੀ ਬੈਠਾ ਹੈ। ਉਸ ਨੇ ਆਪਣੀ ਨਾਸ਼ਵਾਨ ਕਾਇਆ ਨੂੰ ਸਥਿਰ ਜਾਣ ਲਿਆ ਹੈ ਅਤੇ ਜੋ ਅਵਿਨਾਸ਼ੀ ਹੈ, ਉਸ ਦੀ ਪਰਵਾਹ ਨਹੀਂ ਹੈ।

ਦੁੱਖ ਅਤੇ ਸੁੱਖ ਪ੍ਰਤੀ ਸਮਭਾਵਨਾ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੇਂਦਰੀ ਦਰਸ਼ਨ ਸਮਭਾਵਨਾ ਹੈ। ਗੁਰੂ ਸਾਹਿਬ ਕਹਿੰਦੇ ਹਨ:

"ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥

ਹਰਖ ਸੋਗ ਤੇ ਰਹੇ ਅਤੀਤਾ ਤਿਨ ਜਗਿ ਤਤ ਪਛਾਨਾ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ. 219)

ਇਹ ਪੰਗਤੀ ਮਨੁੱਖ ਨੂੰ ਸਿਖਾਉਂਦੀ ਹੈ ਕਿ ਦੁੱਖ ਅਤੇ ਸੁੱਖ ਦੋਵੇਂ ਅਸਥਾਈ ਹਨ। ਜੋ ਮਨੁੱਖ ਇਨ੍ਹਾਂ ਨੂੰ ਇੱਕੋ ਜਿਹਾ ਸਮਝਦਾ ਹੈ, ਉਹੀ ਆਤਮਕ ਤੌਰ ‘ਤੇ ਉੱਚਾ ਹੈ। ਇਹ ਵਿਚਾਰ ਸਟੋਇਕ ਦਰਸ਼ਨ ਨਾਲ ਵੀ ਤੁਲਨਾਤਮਕ ਰੂਪ ਵਿੱਚ ਅਧਿਐਨਯੋਗ ਹੈ। ਡਾ. ਤਾਰਨ ਸਿੰਘ ਲਿਖਦੇ ਹਨ ਕਿ ਦੁੱਖ ਭਾਵੇਂ ਸਿਰਫ ਸਰੀਰਕ ਹੀ ਨਹੀਂ ਹੁੰਦੇ, ਆਤਮਕ ਅਤੇ ਮਾਨਸਿਕ ਵੀ ਹੁੰਦੇ ਹਨ। ਪਰ ਮਨੁੱਖ ਸਿਰਫ਼ ਸਰੀਰਕ ਦੁਖ ਨੂੰ ਹੀ ਪਛਾਣਦਾ ਹੈ। ਪਰ ਜੋ ਇਨ੍ਹਾਂ ਦੁੱਖਾਂ ਅਤੇ ਸੁੱਖਾਂ ਨੂੰ ਇੱਕ ਕਰਕੇ ਜਾਣਦਾ ਹੈ , ਉਹ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ। ਜੋ ਮਨੁੱਖ ਦੁੱਖ- ਸੁੱਖ ਤੋਂ ਨਿਰਲੇਪ ਰਹਿੰਦਾ ਹੈ, ਉਸਨੇ ਇਸ ਜੀਵਨ ਦਾ ਅਸਲ ਅਰਥ ਸਮਝ ਲਿਆ ਹੈ।

ਨਿਰਭੈਤਾ ਅਤੇ ਆਤਮਕ ਆਜ਼ਾਦੀ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਡਰ ਤੋਂ ਮੁਕਤੀ ਦਾ ਸੰਦੇਸ਼ ਬਹੁਤ ਸਪਸ਼ਟ ਹੈ:

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ.1427)

ਇਹ ਪੰਗਤੀ ਗੁਰੂ ਸਾਹਿਬ ਦੇ ਜੀਵਨ ਅਤੇ ਸ਼ਹਾਦਤ ਦਾ ਸਾਰ ਹੈ। ਅਕਾਦਮਿਕ ਅਧਿਐਨ ਵਿੱਚ ਇਸਨੂੰ ਮਨੁੱਖੀ ਅਧਿਕਾਰਾਂ ਅਤੇ ਅਭਿਵਅਕਤੀ ਦੀ ਆਜ਼ਾਦੀ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਗੁਰੂ ਜੀ ਦੀ ਬਾਣੀ ਸਾਨੂੰ ਹਰ ਹਾਲਤ ਵਿੱਚ ਨਿਡਰ ਰਹਿਣ ਦਾ ਸਬਕ ਸਿਖਾਉਂਦੀ ਹੈ। ਉਨ੍ਹਾਂ ਦਾ ਜੀਵਨ ਅਤੇ ਸ਼ਹੀਦੀ ਖੁਦ ਇਸ ਗੱਲ ਦਾ ਪ੍ਰਤੀਕ ਹੈ ਕਿ ਧਰਮ ਅਤੇ ਸੱਚ ਲਈ ਮੌਤ ਦਾ ਡਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਦੂਜਿਆਂ ਦੇ ਧਰਮ ਦੀ ਰਾਖੀ ਲਈ ਆਪਣਾ ਬਲੀਦਾਨ ਦਿੱਤਾ।

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥"

ਜੋ ਕਿਸੇ ਨੂੰ ਡਰਾਉਂਦਾ ਨਹੀਂ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ, ਹੇ ਨਾਨਕ! ਉਸਨੂੰ ਹੀ ਗਿਆਨੀ ਕਹੋ।

ਸਾਦਗੀ, ਤਿਆਗ ਅਤੇ ਨੈਤਿਕ ਜੀਵਨ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਕਰਮਕਾਂਡ ਅਤੇ ਦਿਖਾਵੇ ਦੀ ਨਿੰਦਾ ਕਰਦੀ ਹੈ ਅਤੇ ਅੰਦਰੂਨੀ ਸ਼ੁੱਧਤਾ ‘ਤੇ ਜ਼ੋਰ ਦਿੰਦੀ ਹੈ:

"ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ॥"

(ਅੰਗ 220)

ਇਹ ਉਪਦੇਸ਼ ਮਨੁੱਖ ਨੂੰ ਸਾਦਗੀ ਅਤੇ ਨੈਤਿਕਤਾ ਵਾਲਾ ਜੀਵਨ ਜੀਊਣ ਦੀ ਪ੍ਰੇਰਣਾ ਦਿੰਦਾ ਹੈ।

ਗੁਨ ਗੋਬਿੰਦ ਗਾਇਓ ਨਹੀ ਜਨਮ ਅਕਾਰਥੁ ਕੀਨ ॥

ਕਹੋ ਨਾਨਕ ਹਰਿ ਭਜ ਮਨਾ ਜਿਹ ਬਿਨ ਜਲ ਕਉ ਮੀਨ ॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ: 1426)

ਗੁਰੂ ਤੇਗ ਬਹਾਦਰ ਜੀ ਬਾਣੀ ਵਿਚ ਸਮਝਾਉਣਾ ਕਰਦੇ ਹਨ ਕਿ ਇਸ ਸੰਸਾਰ ਸਮੁੰਦਰ ਵਿੱਚ ਰਹਿੰਦਿਆਂ ਹੋਇਆ ਵੀ ਕਿਵੇਂ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਿਹਾ ਜਾ ਸਕਦਾ ਹੈ। ਗੁਰੂ ਸਾਹਿਬ ਗ੍ਰਸਥ ਜੀਵਨ ਦੇ ਵਿਰੋਧੀ ਨਹੀਂ ਹਨ, ਪਰ ਇਨਸਾਨ ਨੂੰ ਸੰਸਾਰਕ ਝਮੇਲਿਆਂ ਵਿਚ ਗ੍ਰਹਿਸਤ ਹੋਇਆ ਵੀ ਨਹੀਂ ਵੇਖਣਾ ਚਾਹੁੰਦੇ। ਇਸ ਲਈ ਉਹ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਇਸ ਤੋਂ ਉਚੇਰਾ ਰਹਿਣ ਦਾ ਉਪਦੇਸ਼ ਦਿੰਦੇ ਹਨ।


© Copyright @ Authors

"ਜਗ ਝੂਠੇ ਕਯੋ ਸਾਚ ਜਾਨਿ ਕੈ ਤਾ ਸਿਓ ਰਚ ਉਪਜਾਈ ॥

ਦੀਨ ਬੰਧ ਸਿਮਰਿਯੋ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ: 718)

ਸਮੁੱਚੀ ਮਾਨਵ ਜਾਤੀ ਸਮਾਜਕ ਬੰਧਨਾਂ ਵਿਚ ਬੱਝੀ ਹੋਈ ਹੈ ਅਤੇ ਇਸ ਝੂਠੇ ਜਗਤ ਨੂੰ ਹੀ ਸੱਚ ਮੰਨੀ ਬੈਠੀ ਹੈ। ਮਨੁੱਖ ਵਿਹਾਰਕ ਕਾਰਜ ਕਰਦਾ ਹੀ ਆਪਣਾ ਜੀਵਨ ਬਤੀਤ ਕਰ ਦਿੰਦਾ ਹੈ ਅਤੇ ਪ੍ਰਮਾਤਮਾ ਦਾ ਨਾਮ ਇਕ ਘਰਿ ਵੀ ਨਹੀਂ ਸਿਮਰਦਾ ਜਿਸ ਨੇ ਅਗਲੇ ਜਹਾਨ ਵਿਚ ਉਸ ਦੇ ਅੰਗ ਸੰਗ ਸਹਾਈ ਹੋਣਾ ਹੈ। ਕੋਈ ਵਿਰਲਾ ਬ੍ਰਹਮ- ਗਿਆਨੀ ਹੀ ਅਧਿਆਤਮਕ ਜੀਵਨ ਨੂੰ ਮਾਣਦਾ ਹੋਇਆ ਜੀਵਨ ਬਤੀਤ ਕਰਦਾ ਹੈ।

"ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥

ਜਨ ਨਾਨਕ ਇਹ ਖੇਲ ਕਠਨ ਹੈ ਕਿਨਹੂੰ ਗੁਰਮੁਖਿ ਜਾਨਾ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ: 219)

ਮਾਨਵ ਜੀਵਨ ਦਾ ਪ੍ਰਮੁੱਖ ਮੰਤਵ ਪ੍ਰਮਾਤਮਾ ਤੱਕ ਪਹੁੰਚਣਾ ਹੈ। ਪਰ ਇਸ ਲਈ ਨਿੰਦਿਆ ਅਤੇ ਖੁਸ਼ਾਮਦ ਨੂੰ ਤਿਆਗਣਾ ਪੈਂਦਾ ਹੈ। ਅਜਿਹਾ ਕਰਨਾ ਭਾਵੇਂ ਬਹੁਤ ਔਖਾ ਹੈ ਪਰ ਕਿਸੇ ਵਿਰਲੇ ਮਨੁੱਖ ਨੇ ਹੀ ਇਸ ਨੂੰ ਜਾਣ ਲਿਆ ਹੈ ਅਤੇ ਆਪਣੇ ਜੀਵਨ ਵਿਚ ਢਾਲ ਲਿਆ ਹੈ।

"ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ: 219)

ਗੁਰੂ ਤੇਗ ਬਹਾਦਰ ਸਾਹਿਬ ਅਨੁਸਾਰ ਪ੍ਰਭੂ ਦਾ ਨਾਮ ਧਿਆਉਣ ਨਾਲ ਹੀ ਮਨ ਵੱਸ ਵਿਚ ਆਉਂਦਾ ਹੈ। ਇਸ ਨੂੰ ਵੱਸ ਵਿਚ ਕਰਨ ਲਈ ਜੋਗੀ ਜੋਗ ਸਾਧਨਾ ਕਰਦੇ ਹਨ, ਪਰ ਪ੍ਰਮਾਤਮਾ ਦੀ ਮੇਹਰ ਤੋਂ ਬਿਨਾ ਇਹ ਮਨ ਵੱਸ ਵਿਚ ਨਹੀਂ ਆਉਂਦਾ। ਇਸ ਲਈ ਗੁਰੂ ਜੀ ਪ੍ਰਮਾਤਮਾ ਦਾ ਨਾਮ ਧਿਆਉਣ ਉੱਤੇ ਜ਼ੋਰ ਦਿੰਦੇ ਹਨ।

"ਸਾਧੋ ਇਹ ਤਨ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮ ਬਸਤੁ ਹੈ ਸਾਚੋ ਤਾਹਿ ਪਛਾਨੋ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ: 1186)

ਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਹਨ ਹੇ ਸਾਧੂ, ਤੂੰ ਇਸ ਗੱਲ ਨੂੰ ਚੰਗੀ ਤਰਾਂ ਸਮਝ ਲੈ ਕਿ ਇਹ ਸਰੀਰ ਨਾਸ਼ਵਾਨ ਹੈ। ਪਰ ਇਸ ਸਰੀਰ ਅੰਦਰ ਜੋ ਪ੍ਰਮਾਤਮਾ ਦੀ ਜੋਤ ਜਗ ਰਹੀ ਹੈ , ਤੂੰ ਉਸ ਦੀ ਪਛਾਣ ਕਰ ਲੈ।

"ਨਾਹਿਨ ਗੁਨ ਨਾਹਿਨ ਕਛੁ ਜਪੁ ਤਪੁ ਕਉਨ ਕਰਮੁ ਅਬ ਕੀਜੈ ॥

ਨਾਨਕ ਹਾਰ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥"

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ. 703)

ਮਨੁੱਖ ਦੇ ਮਨ ਵਿੱਚ ਭੈ ਕੇਵਲ ਮੌਤ ਦਾ ਹੀ ਵਿਦਮਾਨ ਹੈ। ਇਸ ਭੈ ਦੇ ਕਾਰਨ ਹੀ ਮਨੁੱਖ ਪ੍ਰਮਾਤਮਾ ਤੋਂ ਡਰਦਾ ਹੈ ਅਤੇ ਉਸ ਦੀ ਸ਼ਰਨ ਵਿਚ ਆਉਂਦਾ ਹੈ। ਮਨੁੱਖ ਜਦੋਂ ਇਹ ਜਾਣ ਜਾਂਦਾ ਹੈ ਕਿ ਉਸ ਵਿੱਚ ਕੋਈ ਵੀ ਗੁਣ ਨਹੀਂ ਹੈ ਤਾਂ ਉਹ ਕਿਹੜਾ ਯਤਨ ਕਰੇ ਕਿ ਉਹ ਛੁਟਕਾਰਾ ਪਾ ਸਕੇ, ਤਾਂ ਉਹ ਆਪਣੇ ਆਪ ਹੀ ਪ੍ਰਮਾਤਮਾ ਦੀ ਸ਼ਰਨ ਵਿਚ ਆ ਡਿਗਦਾ ਹੈ। ਇੰਝ ਉਹ ਪ੍ਰਭੂ ਤੋਂ ਨਿਰਭੈਤਾ ਦੀ ਮੰਗ ਕਰਦਾ ਹੈ।

ਆਧੁਨਿਕ ਸਮਾਜ ਵਿੱਚ ਬਾਣੀ ਦੀ ਪ੍ਰਸੰਗਿਕਤਾ

ਆਧੁਨਿਕ ਯੁੱਗ ਵਿੱਚ, ਜਿੱਥੇ ਭੌਤਿਕਤਾ, ਤਣਾਅ ਅਤੇ ਅਨਿਸ਼ਚਿਤਤਾ ਵਧ ਰਹੀ ਹੈ, ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਮਨੁੱਖ ਨੂੰ ਆਤਮਕ ਸੰਤੁਲਨ ਪ੍ਰਦਾਨ ਕਰਦੀ ਹੈ। ਧਾਰਮਿਕ ਸਹਿਣਸ਼ੀਲਤਾ, ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਨਿਰਭੀਕ ਸੱਚਾਈਇਹ ਸਭ ਗੁਣ ਅੱਜ ਦੇ ਸਮਾਜ ਲਈ ਬਹੁਤ ਮਹੱਤਵਪੂਰਨ ਹਨ।

## ਨਿਸ਼ਕਰਸ਼

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਿੱਖ ਧਰਮ ਦਾ ਕੇਵਲ ਧਾਰਮਿਕ ਅੰਗ ਨਹੀਂ, ਸਗੋਂ ਇੱਕ ਗਹਿਰਾ ਦਾਰਸ਼ਨਿਕ ਅਤੇ ਨੈਤਿਕ ਦਸਤਾਵੇਜ਼ ਹੈ। ਇਹ ਬਾਣੀ ਮਨੁੱਖ ਨੂੰ ਮਾਇਆ ਤੋਂ ਉੱਪਰ ਉੱਠ ਕੇ ਸੱਚ, ਨਿਰਭੀਕਤਾ ਅਤੇ ਆਤਮਕ ਆਜ਼ਾਦੀ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦਿੰਦੀ ਹੈ। ਯੂਨੀਵਰਸਿਟੀ ਅਤੇ ਕਾਲਜ ਪੱਧਰ 'ਤੇ ਇਸ ਬਾਣੀ ਦਾ ਅਧਿਐਨ ਵਿਦਿਆਰਥੀਆਂ ਨੂੰ ਨਾ ਸਿਰਫ਼ ਧਾਰਮਿਕ ਸਮਝ, ਸਗੋਂ ਸਮਾਜਿਕ ਅਤੇ ਮਨੁੱਖੀ ਮੁੱਲਾਂ ਦੀ ਡੂੰਘੀ ਸੂਝ ਵੀ ਪ੍ਰਦਾਨ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ, ਪੰਨਾ 33.
2. ਡਾ. ਤਾਰਨ ਸਿੰਘ (ਸੰਪ), ਨਾਨਕ ਪ੍ਰਕਾਸ਼ ਪਤ੍ਰਿਕਾ (ਗੁਰੂ ਤੇਗ ਬਹਾਦਰ ਸ਼ਹੀਦੀ ਅੰਕ), ਜੂਨ-ਦਸੰਬਰ 1995, ਪੰਨਾ 23.
3. ਡਾ. ਰਤਨ ਸਿੰਘ ਜੱਗੀ (ਸੰਪ), ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 370.
4. ਡਾ. ਰਤਨ ਸਿੰਘ ਜੱਗੀ (ਸੰਪ), ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ), ਪੰਨਾ 44.
5. ਡਾ. ਮਹਿੰਦਰ ਕੌਰ ਗਿੱਲ, ਬਾਣੀ ਪ੍ਰਵਾਹ, ਪੰਨਾ 177.
6. ਡਾ. ਸੁਰਿੰਦਰ ਸਿੰਘ ਕੋਹਲੀ (ਸੰਪ.) , ਗੁਰੂ ਤੇਗ ਬਹਾਦਰ ਜੀਵਨ, ਸਮਾਂ ਤੇ ਰਚਨਾ, ਪੰਨਾ 111.
7. ਡਾ. ਸੁਰਿੰਦਰ ਸਿੰਘ ਕੋਹਲੀ (ਸੰਪ.) , ਗੁਰੂ ਤੇਗ ਬਹਾਦਰ ਜੀਵਨ, ਸਮਾਂ ਤੇ ਰਚਨਾ, ਪੰਨਾ 245.
8. ਡਾ. ਸਮੀਪ ਸਿੰਘ , ਗੁਰੂ ਤੇਗ ਬਹਾਦਰ ਜੀਵਨ ਔਰ ਆਦਰਸ਼ ਪੰਨਾ 48.


© Copyright @ Authors